# ਆਪਣੇ ਘਰੇਲੂ ਧੰਦੇ ਨੂੰ ਵਧਾਉਣਾ

ਜੇਕਰ ਤੁਸੀਂ ਆਪਣੇ ਘਰੇਲੂ ਧੰਦੇ ਨੂੰ ਵਧਾਉਣ ਦੇ ਬਾਰੇ ਸੋਚ ਰਹੇ ਹੋ ਤਾਂ ਤੁਹਾਨੂੰ ਵੀ ਉਹੀ ਮੁੱਦੇ ਪੇਸ਼ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਸਾਹਮਣਾ ਆਪਣਾ ਧੰਦਾ ਵਧਾਉਣ ਦੇ ਬਾਰੇ ਸੋਚਣ ਵਾਲੇ ਦੂਜੇ ਵਪਾਰੀਆਂ ਨੂੰ ਕਰਨਾ ਪੈਂਦਾ ਹੈ। ਆਪਣਾ ਫੈਸਲਾ ਕਰਨ ਅਤੇ ਮੁੱਲ-ਅੰਕਣ ਵਿਧੀ ਵਿੱਚ ਇਸ ਕਦਮ ਦੇ ਲਾਭਾਂ ਅਤੇ ਨੁਕਸਾਨਾਂ ਦੋਵਾਂ ਨੂੰ ਹੀ ਸ਼ਾਮਿਲ ਕਰਨਾ ਜ਼ਰੂਰੀ ਹੁੰਦਾ ਹੈ। ਹੇਠ ਲਿਖੀਆਂ ਗੱਲਾਂ ਸੰਖੇਪ ਵਿੱਚ ਦੱਸਦੀਆਂ ਹਨ ਕਿ ਤੁਹਾਨੂੰ ਕਿੰਨ੍ਹਾਂ ਗੱਲਾਂ ਬਾਰੇ ਸੋਚਣਾ ਚਾਹੀਦਾ ਹੈ :

## ਆਪਣੇ ਘਰੇਲੂ ਧੰਦੇ ਨੂੰ ਵਧਾਉਣ ਦਾ ਮਤਲਬ ਕੀ ਹੈ?

ਉਸ ਦਾ ਮਤਲਬ ਹੋ ਸਕਦਾ ਹੈ ਕਿ :

- ਤੁਸੀਂ ਕੋਈ ਵਾਧੂ ਉਤਪਾਦ ਵੀ ਸ਼ਾਮਿਲ ਕਰ ਰਹੇ ਹੋ;
- ਇੱਕ ਹੋਰ ਜ਼ਿਆਦਾ ਗਾਹਕ ਲੈ ਰਹੇ ਹੋ;
- ਜ਼ਿਆਦਾ ਮਸ਼ੀਨਾਂ ਜਾਂ ਔਜ਼ਾਰ ਖਰੀਦਣ ਦੀ ਸੋਚ ਰਹੇ ਹੋ; ਜਾਂ
- ਘਰ ਤੋਂ ਨਿਕਲ ਕੇ ਕਿਸੀ ਵਪਰਿਕ ਸਥਾਨ ਤੇ ਜਾ ਰਹੇ ਹੋ।

## ਤੁਹਾਨੂੰ ਵਿਅਕਤੀਗਤ ਰੂਪ ਤੋਂ ਕਿਹੜੀਆਂ ਗੱਲਾਂ ਸੋਚਣੀਆਂ ਚਾਹੀਦੀਆਂ ਹਨ?

- ਤੁਸੀਂ ਕੀ ਵਧਾਉਣਾ ਚਾਹੁੰਦੇ ਹੋ?
- ਉਸਦਾ ਤੁਹਾਡੇ ਤੇ, ਤੁਹਾਡੇ ਨਿਜੀ ਜੀਵਨ ਅਤੇ ਪਰਿਵਾਰ ਤੇ ਕੀ ਅਸਰ ਹੋਵੇਗਾ?
  - ਧੰਦਾ ਵਧਾਉਣ ਨਾਲ ਜ਼ਿਆਦਾ ਲਾਭ ਅਤੇ ਜ਼ਿਆਦਾ ਮੁਸ਼ਕਿਲਾਂ ਦੀਆਂ ਸੰਭਾਵਨਾਵਾਂ ਵੀ ਵੱਧ ਜਾਣਗੀਆਂ।
  - ਉਸਦਾ ਇਹ ਮਤਲਬ ਵੀ ਹੋ ਸਕਦਾ ਹੈ ਕਿ ਘਰ ਤੋਂ ਜ਼ਿਆਦਾ ਸਮੇਂ ਦੂਰ ਰਹਿਣਾ ਪਵੇ ਜਾਂ ਪਰਿਵਾਰਕ ਕੁਰਬਾਨੀ ਦੇ ਕੇ ਘਰੇਲੂ ਧੰਦੇ ਵਿੱਚ ਜ਼ਿਆਦਾ ਸਮਾਂ ਦੇਣਾ ਪਵੇ।
  - ਕੀ ਤੁਸੀਂ ਫਿਰ ਵੀ ਧੰਦੇ ਤੋਂ ਅਨੰਦ ਲੈ ਪਾਓਗੇ?
  - ਕੀ ਘਰ ਵਿੱਚ ਆਉਣ-ਜਾਣ ਵਾਲਿਆਂ ਦੀ ਭੀੜ ਜ਼ਿਆਦਾ ਵੱਧ ਜਾਵੇਗੀ ਅਤੇ ਉਸਦਾ ਤੁਹਾਡੀ ਨਿੱਜਤਾ ਵਿਚ ਕੀ ਅਸਰ ਪਵੇਗਾ?
  - ਕੀ ਤੁਹਾਨੂੰ ਧੰਦੇ ਵਿੱਚ ਜ਼ਿਆਦਾ ਨਿਜੀ ਪੂੰਜੀ ਲਗਾਉਣੀ ਪਵੇਗੀ ਅਤੇ ਕੀ ਉਹ ਤੁਹਾਡੇ ਕੋਲ ਹੈ, ਜਾਂ ਕੀ ਤੁਸੀਂ ਉਸਨੂੰ ਖਤਰੇ ਵਿੱਚ ਪਾਉਣਾ ਚਾਹੁੰਦੇ ਹੋ?
- ਤੁਹਾਡੇ ਇਹ ਵਿਸਤਾਰ ਦੀ ਯੋਜਨਾ ਤੁਹਾਡੇ ਧੰਦੇ ਦੇ ਉਦੇਸ਼ਾਂ ਦੇ ਨੇੜੇ ਦੇ ਅਤੇ ਦੂਰ ਦੇ ਟੀਚਿਆਂ ਵਿੱਚ ਕਿੱਥੇ ਆਉਂਦੀ ਹੈ?
  - ਇਹ ਇਸ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਧੰਦੇ ਨੂੰ ਫਿਰ ਤੋਂ ਸ਼ੁਰੂ ਕਰਨ ਤੇ ਚਲਾਉਣ ਲਈ ਕਿੰਨੇ ਪ੍ਰੇਰਿਤ ਹੋ।
  - ਕੀ ਇਹ ਤੁਹਾਨੂੰ ਜ਼ਿਆਦਾ ਆਰਥਿਕ ਲਾਭ ਦੇ ਸਕਦਾ ਹੈ ਜੋ ਤੁਸੀਂ ਚਾਹੁੰਦੇ ਹੋ ਅਤੇ/ਜਾਂ ਜਿਸਦੀ ਤੁਹਾਨੂੰ ਜ਼ਰੂਰਤ ਹੈ?
  - ਕੀ ਇਹ ਤੁਹਾਡੇ ਭਵਿੱਖ ਦੀ ਯੋਜਨਾ ਦਾ ਇੱਕ ਕਦਮ ਹੈ ਜੋ ਤੁਹਾਨੂੰ ਅੱਗੇ ਜਾ ਕੇ ਤੁਹਾਡੀ ਮਿਊਨਸਿਪੈਲਟੀ ਦੇ ਵਪਾਰਿਕ ਖੇਤਰ ਵਿੱਚ ਪਹੁੰਚਾ ਸਕਦਾ ਹੈ?
  - ਕੀ ਤੁਸੀਂ ਜਿਨ੍ਹਾਂ ਸਮਾਂ ਅਤੇ ਮਿਹਨਤ ਲਗਾਉਗੇ ਉਸਦੀ ਤੁਲਨਾ ਵਿੱਚ ਜ਼ਿਆਦਾ ਲਾਭ ਮਿਲਣ ਦੀ ਸੰਭਾਵਣਾ ਹੈ?

## ਕਿਰਿਆ ਪ੍ਰਣਾਲੀ ਸੰਬੰਧੀ ਤੁਹਾਡੇ ਕੀ ਵਿਚਾਰ ਹਨ ?

- ਕੀ ਇਸ ਤੋਂ ਬਜ਼ਾਰ ਦੇ ਮੌਕਿਆਂ ਵਿੱਚ ਵਾਧਾ ਹੋ ਸਕਦਾ ਹੈ ਅਤੇ ਕੀ ਇਸ ਤੋਂ ਬਜ਼ਾਰ ਵਿੱਚ ਪ੍ਰਤੀਕ੍ਰਿਆ ਹੋ ਸਕਦੀ ਹੈ?

- ਕੀ ਤੁਸੀਂ ਇਸ ਵਿਚਾਰ ਤੇ ਪੂਰੀ ਖੋਜ-ਭਾਲ ਕੀਤੀ ਹੈ?
- ਕਈ ਲੋਕ ਘਰੇਲੂ ਧੰਦਾ ਸ਼ੁਰੂ ਕਰਦੇ ਹਨ ਤਾਂ ਕਿ ਘੱਟ ਤੋਂ ਘੱਟ ਖਰਚਾ ਹੋਵੇ ਅਤੇ ਦੇਖ ਸਕਣ ਕਿ ਵਿਚਾਰ ਅੱਗੇ ਕਿੱਦਾਂ ਵਿਕਸਿਤ ਹੁੰਦਾ ਹੈ।

- ਕੀ ਤੁਹਾਡੇ ਕੋਲ ਤਰੱਕੀ ਦੀ ਯੋਜਨਾ ਹੈ?
  - ਕੀ ਤੁਸੀਂ ਸੰਭਾਵਿਤ ਗਾਹਕਾਂ ਨੂੰ ਜਾਗਰੂਕ ਕਰਨ ਦੀ ਯੋਜਨਾ ਬਣਾ ਰਹੇ ਹੋ?
  - ਘਰੇਲੂ ਧੰਦੇ ਵਿੱਚ ਤੁਸੀਂ ਇਹ ਅਭਿਆਸ ਕਰਕੇ ਦੇਖ ਸਕਦੇ ਹੋ ਕਿ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਤਰੀਕਾ ਕਿਹੜਾ ਹੈ।
- ਕੀ ਤੁਹਾਨੂੰ ਮਸ਼ੀਨਰੀ ਖਰੀਦਣੀ ਪੈ ਸਕਦੀ ਹੈ ਅਤੇ ਉਸ ਲਈ ਬਿਜਲੀ ਪਾਣੀ ਦਾ ਕੀ ਇੰਤਜ਼ਾਮ ਹੋਵੇਗਾ?
- ਕੀ ਤੁਸੀਂ ਮਾਲ ਦਾ ਭੰਡਾਰ ਵਧਾਉਗੇ ਅਤੇ ਗੁਦਾਮ ਦੀ ਕੀ ਸੁਵਿਧਾ ਹੈ?
- ਕੀ ਘਰ ਵਿੱਚ ਮੁਰੰਮਤ ਕਰਵਾਉਣ ਦੀ ਲੋੜ ਪੈ ਸਕਦੀ ਹੈ?
- ਕੀ ਕਿਸੀ ਕੰਪਨੀ ਦੇ ਨਾਲ ਤੁਹਾਡੀ ਮੌਜੂਦਾ ਵਿਤਰਣ ਜਾਂ ਫ੍ਰੈਂਚਾਈਜ਼ ਦਾ ਸਮਝੌਤਾ ਹੈ, ਕੀ ਕੋਈ ਮਾਲ/ਸੇਵਾ ਜੋੜਨ ਦੀ ਪਾਬੰਦੀ ਹੈ ਜੋ ਤੁਸੀਂ ਜੋੜਨਾ ਚਾਹੁੰਦੇ ਹੋ?
- ਕੀ ਕੋਈ ਮਿਊਨਸੀਪਲ ਲਈਸੈਂਸਿੰਗ ਜਾਂ ਕੋਈ ਹੋਰ ਕਾਨੂੰਨੀ ਪਾਬੰਦੀਆਂ ਹਨ?
- ਕੀ ਦੂਜੇ ਘਰੇਲੂ ਧੰਦਿਆਂ ਨਾਲ ਮਿਲ-ਜੁਲ ਕੇ ਕੰਮ ਕਰਨ ਦੀ ਸੰਭਾਵਨਾ ਹੈ ਜਿਸ ਨਾਲ ਦੋਵੇਂ ਧੰਦਿਆਂ ਨੂੰ ਲਾਭ ਹੋ ਸਕੇ?
  - ਦੂਜੇ ਸ਼ਬਦਾਂ ਵਿੱਚ, ਕੀ ਤੁਹਾਨੂੰ ਸਭ ਕੁੱਝ ਇਕੱਲਿਆਂ ਹੀ ਕਰਨਾ ਪੈ ਸਕਦਾ ਹੈ ਜਾਂ ਤੁਸੀਂ ਕਿਸੇ ਦੇ ਨਾਲ ਮਿਲ ਕੇ ਕੰਮ ਕਰ ਸਕਦੇ ਹੋ ਜਿਸ ਨਾਲ ਦੋਵਾਂ ਨੂੰ ਲਾਭ ਹੋਵੇ?
- ਕੀ ਤੁਹਾਡੇ ਕੋਲ ਪ੍ਰਬੰਧਨ ਦਾ ਹੁਨਰ ਹੈ?
  - ਤੁਹਾਨੂੰ ਆਪਣੀ ਯੋਗਤਾਵਾਂ ਅਤੇ ਨਿਪੁੰਨਤਾਵਾਂ ਦਾ ਮੁੱਲ-ਅੰਕਣ ਫਿਰ ਤੋ ਕਰਨਾ ਪੈ ਸਕਦਾ ਹੈ।
  - ਜੇਕਰ ਤੁਹਾਨੂੰ ਕੋਈ ਕਮੀ ਮਹਿਸੂਸ ਹੁੰਦੀ ਹੈ ਤਾਂ ਤੁਸੀਂ ਉਸ ਨੂੰ ਕਿੱਦਾਂ ਪੂਰਾ ਕਰ ਸਕਦੇ ਹੋ ਅਤੇ ਉਸ ਨੂੰ ਪੂਰਾ ਕਰਨ ਵਿੱਚ ਕਿੰਨਾਂ ਸਮਾਂ ਅਤੇ ਖਰਚ ਲੱਗ ਸਕਦਾ ਹੈ?
- ਕੀ ਕਰਮਚਾਰੀ ਮਿਲਣ ਦੀ ਸਮੱਸਿਆ ਹੋ ਸਕਦੀ ਹੈ?
- ਕੀ ਆਪਣੀ ਯੋਜਨਾ ਪੂਰੀ ਕਰਨ ਲਈ ਤੁਸੀਂ ਪੂੰਜੀ ਦੀ ਕੀਮਤ ਅਤੇ ਸਰੋਤ ਦਾ ਪਤਾ ਲਗਾਇਆ ਹੈ?
- ਕੀ ਆਪਣੇ ਵਿਚਾਰਾਂ ਦਾ ਮੁੱਲ-ਅੰਕਣ ਕਰਨ ਲਈ ਤੁਸੀਂ ਨਕਦੀ ਪ੍ਰਬੰਧ/ਬੱਜਟ ਵਿਸ਼ਲੇਸ਼ਣ ਪੂਰਾ ਕੀਤਾ ਹੈ?
  - ਨਕਦੀ ਪ੍ਰਬੰਧ ਦੇ ਅੰਦਾਜ਼ੇ ਲਗਾਉਣ ਦੀ ਇੱਕ ਸੀਮਾ ਹੁੰਦੀ ਹੈ ਪਰ ਫਿਰ ਵੀ ਉਹ ਯੋਜਨਾ ਦਾ ਇੱਕ ਜ਼ਰੂਰੀ ਔਜ਼ਾਰ ਹੈ ਜੋ ਤੁਹਾਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਦੀ ਕੀਮਤ ਅਤੇ ਅੰਦਾਜ਼ਨ ਲਾਭ ਨੂੰ ਪਹਿਚਾਨਣ ਲਈ ਮਜਬੂਰ ਕਰਦਾ ਹੈ।
- ਕੀ ਤੁਹਾਡੇ ਕੋਲ ਸਮਾਂ ਸਾਰਣੀ ਹੈ?
- ਕੀ ਤੁਹਾਡੇ ਕੋਲ ਕਾਰੋਬਾਰੀ ਯੋਜਨਾ ਹੈ?

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜ਼ਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।